ਰਜਿਸਟਰਡ

ਵੱਲੋਂ

ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ.
-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ, ਜਲੰਧਰ।

ਵੱਲ

ਸੇਵਾ ਮੁਕਤ ਐਸ.ਆਈ/ਐਲ.ਆਰ ਹਰਮੇਸ਼ ਕੁਮਾਰ
ਨੰਬਰ 2921/ਪੀਏਪੀ ਪੁੱਤਰ ਸ਼੍ਰੀ ਦਰਸ਼ਨ ਸਿੰਘ, ਵਾਸੀ ਪਿੰਡ
ਤੇ ਡਾਕਖਾਨਾ ਲਿੱਤਰਾਂ, ਤਹਿਸੀਲ, ਨਕੋਦਰ ਜਿਲ੍ਹਾਂ ਜਲੰਧਰ।

ਨੰਬਰ /ਈ-6 ਮਿਤੀ

ਵਿਸ਼ਾ:- ਸੂਚਨਾਂ ਦੇ ਅਧਿਕਾਰ ਐਕਟ-2005 ਅਧੀਨ ਸੂਚਨਾ ਲੈਣ ਸਬੰਧੀ ਅਪੀਲ।

ਯਾਦ ਪੱਤਰ

ਹਵਾਲਾ ਆਪ ਜੀ ਦੀ ਅਪੀਲ ਮਿਤੀ 29.12.2023, ਵਿਸ਼ਾ ਉਕਤ ਦੇ ਸਬੰਧ ਵਿੱਚ।

2. ਉਕਤ ਅਪੀਲ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਵੱਲੋਂ ਦਰਖਾਸਤ ਮਿਤੀ 14.12.2023 ਰਾਹੀਂ ਕਮਾਂਡੈਂਟ, ਸਿਖਲਾਈ ਕੇਂਦਰ-ਕਮ-ਲੋਕ ਸੂਚਨਾ ਅਫਸਰ, ਪੀ.ਏ.ਪੀ., ਜਲੰਧਰ ਪਾਸੋਂ ਮੰਗੀ ਗਈ ਸੂਚਨਾਂ ਉਹਨਾ ਦੇ ਦਫਤਰ ਵਿਖੇ ਜੋ ਸੂਚਨਾ ਰਿਕਾਰਡ ਮੁਤਾਬਿਕ ਮੌਜੂਦ ਸੀ ਉਹ ਆਪ ਨੂੰ ਪਹਿਲਾ ਹੀ ਉਹਨਾ ਦੇ ਦਫਤਰ ਦੇ ਪੱਤਰ ਨੰਬਰ 7332/ਏ.ਸੀ-1(ਟ੍ਰਨਿੰਗ), ਮਿਤੀ 22.12.2023 ਰਾਹੀਂ ਮੁਹੱਈਆਂ ਕਰਵਾਈ ਜਾ ਚੁੱਕੀ ਹੈ।

ਇਸਪੈਕਟਰ ਜਨਰਲ ਪੁਲਿਸ, ਪੀ.ਏ.ਪੀ
-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ ਜਲੰਧਰ।

ਨੰਬਰ 3335-36 /ਈ-6 ਮਿਤੀ 27-1-24

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਕਮਾਂਡੈਂਟ, ਸਿਖਲਾਈ ਕੇਂਦਰ-ਕਮ-ਲੋਕ ਸੂਚਨਾ ਅਫਸਰ, ਪੀ.ਏ.ਪੀ., ਜਲੰਧਰ ਨੂੰ ਉਹਨਾ ਦੇ ਦਫਤਰ ਦੇ ਪੱਤਰ ਨੰਬਰ 246/ਏ.ਸੀ-1, ਮਿਤੀ 11.01.2024 ਦੇ ਹਵਾਲੇ ਵਿੱਚ।
2. ਇੰਚਾਰਜ਼ ਵੈਬ-ਸਾਈਟ ਪੀ.ਏ.ਪੀ., ਨੂੰ ਸਮੇਤ ਅਪੀਲ ਦੀ ਕਾਪੀ।

ਇਸਪੈਕਟਰ ਜਨਰਲ ਪੁਲਿਸ, ਪੀ.ਏ.ਪੀ
-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ ਜਲੰਧਰ।

10/1/24

**ਸੂਚਨਾ ਦਾ ਅਧਿਕਾਰ ਐਕਟ 2005 ਦੇ ਸੈਕਸ਼ਨ 19(1) ਅਧੀਨ ਬਿਨੇਪੱਤਰ**
ਪਹਿਲੀ ਅਪੀਲ

ਪੀ.ਏ.ਪੀ. ਆਰਮਡ ਦਫ਼ਤਰ
ਡਾਇਰੀ ਨੰ 35985
ਮਿਤੀ 30/12/23

ਸੇਵਾ ਵਿਖੇ,

ਲੋਕ ਸੰਪਰਕ ਸੂਚਨਾ ਅਧਿਕਾਰੀ,
ਮਾਨਯੋਗ ਇੰਸਪੈਕਟਰ ਜ਼ਨਰਲ ਓਫ ਪੁਲਿਸ,ਪੀ.ਏ.ਪੀ.
ਜਲੰਧਰ ਕੈਂਟ।

ਵਿਸ਼ਾ: ਸੂਚਨਾ ਦਾ ਅਧਿਕਾਰ ਐਕਟ ਅਧੀਨ ਮਿਤੀ 13.12.2023 ਨੂੰ ਮੰਗੀ ਗਈ ਸੂਚਨਾ ਸਹੀ ਨਾ ਮੁਹਾਇਆ ਕਰਵਾਉਣ ਸਬੰਧੀ।

ਸ਼੍ਰੀਮਾਨ ਜੀ,

ਮੈ ਰਿਟਾਇਰਡ ਐਸ.ਆਈ. ਹਰਮੇਸ਼ ਸਿੰਘ ਨੰ.2921/ਪੀ.ਏ.ਪੀ. ਪੁੱਤਰ ਸ਼੍ਰੀ ਦਰਸ਼ਨ ਸਿੰਘ,ਵਾਸੀ ਪਿੰਡ ਤੇ ਡਾਕ. ਲਿੱਤਰਾਂ, ਤਹਿ. ਨਕੋਦਰ,ਜਿਲਾ ਜਲੰਧਰ, ਦਾ ਪੱਕਾ ਵਸਨੀਕ ਹਾਂ। ਮੈ ਮਿਤੀ 13.12.2023 ਨੂੰ **ਸੂਚਨਾ ਦੇ ਅਧਿਕਾਰ ਐਕਟ 2005 ਦੇ ਸੈਕਸ਼ਨ 6(3) ਅਤੇ 2(J) ਅਧੀਨ** ਇੱਕ ਅਰਜ਼ੀ ਲੋਕ ਸੂਚਨਾ ਅਧਿਕਾਰੀ ਮਾਨਯੋਗ ਕੰਮਾਡੈਂਟ ਸਾਹਿਬ ਸਿਖਲਾਈ ਕੇਂਦਰ, ਪੀ.ਏ.ਪੀ. ਜਲੰਧਰ ਕੈਂਟ ਨੂੰ ਰਜਿਸਟਰੀ ਰਾਹੀ ਭੇਜੀ ਸੀ ਜਿਸ ਦਾ ਜ਼ੁਆਬ **ਪੱਤਰ ਨੰ. 7332/ਏ.ਸੀ.-1 (ਟ੍ਰੇਨਿੰਗ) ਮਿਤੀ 22.12.23** ਦੂਆਰਾ ਮੈਨੂੰ ਮਿਲਿਆ ਜਿਸ ਵਿੱਚ ਮੇਰੇ ਵੱਲੋਂ ਮੰਗੀ ਗਈ ਸੂਚਨਾ ਮੁਹਾਇਆ ਨਹੀ ਕਰਵਾਈ ਗਈ ਅਤੇ ਨਾ ਹੀ ਇਸ ਸਬੰਧੀ ਕੋਈ ਸੰਤੁਸ਼ਟੀ ਜਨਕ ਜ਼ੁਆਬ ਦਿਤਾ ਗਿਆ ਹੈ। **ਮੈ ਪੱਤਰ ਨੰ. 7332 ਦੁਆਰਾ ਮੁਹਾਇਆ ਕਰਵਾਏ ਗਏ ਉੱਤਰ ਨਾਲ ਮੈ ਸੰਤੂਸ਼ਟ ਨਹੀ ਹਾ।**

ਇਹਕਿ ਮੇਰੀ ਦਰਖਾਸਤ ਮਿਤੀ 13.12.2023 ਉੱਪਰ ਆਰ.ਟੀ.ਆਈ. ਨਾਲ ਸਬੰਧਤ ਅਧਿਕਾਰੀਆਂ ਵੱਲੋਂ ਸੈਕਸ਼ਨ 6(3) ਅਤੇ ਸੈਕਸ਼ਨ 2(J) ਦੀ ਪਾਲਣਾ ਨਹੀ ਕੀਤੀ ਗਈ ਹੈ ਇਸ ਕਰਕੇ ਮੈ ਆਪਜੀ ਪਾਸ ਬੇਨਤੀ ਕਰਦਾ ਹਾਂ ਕਿ ਮੇਰੀ ਪਹਿਲੀ ਅਪੀਲ ਨੂੰ ਸਵੀਕਾਰ ਕੀਤਾ ਜਾਵੇ ਅਤੇ ਸਮੇ ਸਿਰ ਸਹੀ ਅਤੇ ਸੰਪੂਰਨ ਜਾਣਕਾਰੀ ਮੁਹਾਇਆ ਕਰਵਾਈ ਜਾਵੇ ਜੀ।

ਆਪਜੀ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਆਰ.ਟੀ.ਆਈ. ਦੇ ਸੈਕਸ਼ਨ 6(3) ਅਤੇ 2 (J) ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ ਖਿਲਾਫ ਆਰ.ਟੀ.ਆਈ. ਦੇ ਐਕਟ 2005 ਦੇ ਅਧੀਨ ਯੋਗ ਕਾਰਵਾਈ ਕੀਤੀ ਜਾਵੇ ਤਾਂ ਕਿ ਅੱਗੇ ਤੋ ਕਿਸੇ ਹੋਰ ਦਰਖਾਸਤ ਕਰਨ ਵਾਲੇ ਨੂੰ ਸਮੇਂ ਸਿਰ ਤੇ ਪੂਰੀ ਜਾਣਕਾਰੀ ਮੁਹਾਇਆ ਕਰਵਾਈ ਜਾ ਸਕੇ।

ਧੰਨਵਾਦ ਸਹਿਤ

ਆਪਜੀ ਦਾ ਵਿਸ਼ਵਾਸ਼ ਪਾਤਰ

ਹਰਮੇਸ਼ ਸਿੰਘ

ਮਿਤੀ:29..12.2023

ਰਿਟਾਇਰਡ ਐਸ.ਆਈ. ਹਰਮੇਸ਼ ਸਿੰਘ
ਨੰ.2921/ਪੀ.ਏ.ਪੀ. ਪੁੱਤਰ ਸ਼੍ਰੀ ਦਰਸ਼ਨ ਸਿੰਘ,
ਵਾਸੀ ਪਿੰਡ ਤੇ ਡਾਕ. ਲਿੱਤਰਾਂ, ਤਹਿ. ਨਕੋਦਰ,
ਜਿਲਾ ਜਲੰਧਰ, ਮੋਬ. 88726-77700, 6283291117

Subdt Admn

ਆਈ.ਜੀ.ਪੀ./ਪੀ.ਏ.ਪੀ
01-01-2024

ਨੋਟ: (1) ਦਰਖਾਸਤ ਮਿਤੀ 13.12.2023 (2) ਫੋਟੋ ਕਾਪੀ ਰਜਿਸਟਰੀ ਦੀ ਰਸੀਦ,
(3) ਫੋਟੋ ਕਾਪੀ ਜੁਆਬ ਦਰਖਾਸਤ ਮਿਤੀ 13.12.2023, ਪੱਤਰ ਨੰ. 7332 ਮਿਤੀ 22.12.2023
(4) ਪੋਸਟਲ ਆਰਡਰ ਨੰ. 53F 445363 ਮਿਤੀ 13.12.2023 ਜੋ 10/- ਰੁਪਏ ਦਾ ਹੈ ਬਤੌਰ ਫੀਸ ਨਾਲ ਨੱਥੀ ਹੈ।

E-6